


# ਅਸੀਂ ਐਨਰਜੀ ਬਚਾਉਣ, ਯੂਟਿਲਟੀ ਬਿੱਲ ਘਟਾਉਣ, ਸੁੱਖ ਵਿਚ ਸੁਧਾਰ ਕਰਨ ਅਤੇ ਜੀ ਐੱਚ ਜੀ ਗੈਸਾਂ ਘਟਾਉਣ ਵਿਚ ਤੁਹਾਡੀ ਮਦਦ ਕਰਨ ਲਈ ਹਾਂ।

ਐਨਰਜੀ ਸੇਵ ਨਿਊ ਵੈੱਸਟ (ਈ ਐੱਸ ਐੱਨ ਡਬਲਯੂ) ਕੈਨੇਡਾ ਦੇ ਸਭ ਤੋਂ ਲੰਮੇ ਸਮੇਂ ਤੋਂ ਚੱਲ ਰਹੇ ਅਤੇ ਸਭ ਤੋਂ ਵੱਡੇ ਕਮਿਊਨਟੀ ਐਨਰਜੀ ਪ੍ਰੋਗਰਾਮਾਂ ਵਿੱਚੋਂ ਇਕ ਹੈ। ਨਵੀਆਂ ਅਤੇ ਪੁਰਾਣੀਆਂ ਬਿਲਡਿੰਗਾਂ ਦੀ ਐਨਰਜੀ ਦੀ ਵਰਤੋਂ ਵਿਚ ਸੁਧਾਰ ਕਰਨ ਅਤੇ ਨਿਊ ਵੈੱਸਟਮਿਨਸਟਰ ਵਿਚ ਗਰੀਨਹਾਊਸ ਗੈਸ (ਜੀ ਐੱਚ ਜੀ) ਦੇ ਪ੍ਰਦੂਸ਼ਣ ਨੂੰ ਘਟਾਉਣ ਲਈ, ਅਸੀਂ ਸਥਾਨਕ ਘਰ ਮਾਲਕਾਂ ਅਤੇ ਬਿਜ਼ਨਸਾਂ ਨੂੰ ਐਨਰਜੀ ਦੀਆਂ ਮੁਲਾਂਕਣਾਂ ਅਤੇ ਐਨਰਜੀ ਅਪਗਰੇਡ ਰੀਬੇਟਾਂ ਅਤੇ ਲਾਭਾਂ ਤੱਕ ਪਹੁੰਚ ਪ੍ਰਦਾਨ ਕਰਦੇ ਹਾਂ। ਸਾਡਾ ਧਿਆਨ ਅਜਿਹੇ ਤਜਰਬੇ ਦਾ ਅਨੁਭਵ ਕਰਾਉਣ 'ਤੇ ਹੈ ਜਿਹੜਾ ਐਨਰਜੀ ਦੀ ਬੱਚਤ ਕਰਨ ਨੂੰ ਤੁਹਾਡੇ ਲਈ ਸੌਖਾ ਬਣਾਉਂਦਾ ਹੈ ਅਤੇ ਤੁਹਾਡੇ ਘਰ ਜਾਂ ਬਿਜ਼ਨਸ ਵਿਚ ਸਿਹਤ ਅਤੇ ਸੁੱਖ ਵਿਚ ਸੁਧਾਰ ਕਰਦਾ ਹੈ।

## ਪ੍ਰੋਗਰਾਮ ਦੇ ਮੁੱਖ ਪੱਖ

**ਰੀਬੇਟਾਂ ਅਤੇ ਉਤਸ਼ਾਹ**
ਹੱਲ ਕਰਨ ਵਾਲੇ ਪ੍ਰੋਗਰਾਮ ਦਾ ਇਕ ਵਿਆਪਕ ਸਿਲਸਿਲਾ ਜਿਸ ਵਿਚ ਐਨਰਜੀ ਮੁਲਾਂਕਣਾਂ ਤੱਕ ਪਹੁੰਚ, ਟੈਕਨੀਕਲ ਐਨਰਜੀ ਕੋਚਿੰਗ, ਐਨਰਜੀ ਅਪਗਰੇਡ, ਅਤੇ ਫੈਡਰਲ, ਸੂਬਾਈ, ਅਤੇ ਯੂਟਿਲਟੀ ਰੀਬੇਟਾਂ ਤੱਕ ਪਹੁੰਚ ਸ਼ਾਮਲ ਹਨ।

**ਇੰਡਸਟਰੀ ਟਰੇਨਿੰਗ**
ਲੋਕਲ ਬਿਲਡਰਾਂ, ਆਰਕੀਟੈਕਟਾਂ ਅਤੇ ਡਿਜ਼ਾਇਨਰਾਂ ਨਾਲ ਇੰਡਸਟਰੀ ਦੀ ਸ਼ਮੂਲੀਅਤ, ਜਿਸ ਵਿਚ ਪ੍ਰੋਗਰਾਮ ਤੋਂ ਟਰੇਨਿੰਗ ਅਤੇ ਪੇਸ਼ਾਵਰ ਵਿਕਾਸ ਸ਼ਾਮਲ ਹੈ ਜਿਹੜੇ ਨਿਊ ਵੈੱਸਟਮਿਨਸਟਰ ਵਿਚ ਘਰਾਂ ਦੇ ਬਿਹਤਰ ਡਿਜ਼ਾਇਨ ਅਤੇ ਕਨਸਟਰੱਕਸ਼ਨ ਨੂੰ ਉਤਸ਼ਾਹ ਦਿੰਦੇ ਹਨ।

**ਐਨਰਜੀ ਬਚਾਉਣ ਲਈ ਵਰਕਸ਼ਾਪਾਂ**
ਇਮਪਾਵਰ ਮੀ ਕਈ ਵਰਕਸ਼ਾਪਾਂ ਲਾਉਂਦਾ ਹੈ ਤਾਂ ਜੋ ਸਿਟੀ ਵਲੋਂ ਪ੍ਰੋਗਰਾਮ ਦੇ ਸੁਨੇਹੇ ਅਤੇ ਪ੍ਰੈਕਟਿਸਾਂ ਕਾਮਯਾਬੀ ਨਾਲ ਸਾਡੇ ਵੰਨ-ਸੁਵੰਨੇ, ਬਹੁਸਭਿਆਚਾਰਕ ਭਾਈਚਾਰਿਆਂ ਤੱਕ ਪਹੁੰਚਾਉਣ ਵਿਚ ਮਦਦ ਹੋ ਸਕੇ ਜਿਸ ਨਾਲ ਐਨਰਜੀ ਬਚਾਉਣ ਬਾਰੇ ਅਤੇ ਹੋਰ ਮਹੱਤਵਪੂਰਨ ਮਿਊਂਸਿਪਲ ਸਰਗਰਮੀਆਂ ਨਿਰਪੱਖਤਾ ਨਾਲ ਡਲਿਵਰ ਕਰਨਾ ਯਕੀਨੀ ਬਣਦਾ ਹੈ।

**ਹਿੱਸਾ ਲੈਣ ਵਾਲੇ ਦੀ ਮਦਦ**
ਲੋਕਲ ਵਸਨੀਕਾਂ ਲਈ ਹਿੱਸਾ ਲੈਣਾ ਸਪਸ਼ਟ ਅਤੇ ਸੌਖਾ ਬਣਾਉਣ ਵਿਚ ਮਦਦ ਲਈ ਅਤੇ ਈ ਐੱਸ ਐੱਨ ਡਬਲਯੂ ਨਾਲ ਸਮੁੱਚੇ ਤਜਰਬੇ ਨੂੰ ਬਿਹਤਰ ਬਣਾਉਣ ਲਈ ਅੰਤ-ਤੋਂ-ਅੰਤ ਤੱਕ ਪ੍ਰੋਗਰਾਮ ਨਾਲ ਗਾਹਕਾਂ ਲਈ ਸੁਰੱਖਿਅਤ ਮੁਹਿੰਮ।

## ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ

ਕੀ ਤੁਹਾਨੂੰ ਪਤਾ ਹੈ ਕਿ...

- ਈ ਐੱਸ ਐੱਨ ਡਬਲਯੂ ਦੇ ਖੋਜ ਡੈਟੇ ਮੁਤਾਬਕ, ਜਿਨ੍ਹਾਂ ਘਰ ਮਾਲਕਾਂ ਨੇ ਪ੍ਰੀ-ਅਤੇ ਪੋਸਟ-ਰੈਟਰੋਫਿਟ ਐਨਰਜੀ ਪੜਤਾਲ ਦੇ ਨਾਲ ਘਰ ਦੀ ਰੈਨੋਵੇਸ਼ਨ ਦੇ ਪ੍ਰੋਜੈਕਟ ਪੂਰੇ ਕੀਤੇ ਹਨ, ਉਨ੍ਹਾਂ ਨੂੰ ਐਨਰਜੀ ਦੀ ਸਲਾਨਾ 27% ਬੱਚਤ ਹੋ ਰਹੀ ਹੈ ਅਤੇ ਜੀ ਐੱਚ ਜੀ ਵਿਚ ਔਸਤ 24% ਕਮੀ ਹੋ ਰਹੀ ਹੈ।
- ਈ ਐੱਸ ਐੱਨ ਡਬਲਯੂ ਦੇ ਹਾਈ-ਪ੍ਰਫੌਰਮੈਂਸ ਹੋਮ ਪ੍ਰੋਗਰਾਮ ਰਾਹੀਂ, ਨਿਊ ਵੈੱਸਟਮਿਨਸਟਰ ਵਿਚ 62 ਨਵੇਂ ਘਰ ਬੀ ਸੀ ਬਿਲਡਿੰਗ ਕੋਡ ਦੀਆਂ ਘੱਟੋ ਘੱਟ ਸ਼ਰਤਾਂ ਤੋਂ ਉੱਪਰ ਉਸਾਰੇ ਗਏ ਹਨ। ਇਨ੍ਹਾਂ ਘਰਾਂ ਦੀ ਐਨਰਜੀ ਦੀ ਔਸਤ ਕਾਰਗੁਜ਼ਾਰੀ ਕੋਡ ਮੁਤਾਬਕ ਬਣਾਏ ਗਏ ਘਰ ਨਾਲੋਂ 17% ਬਿਹਤਰ ਹੈ।
- ਸਾਡੇ ਦੋ ਅਰਬਨ ਸੋਲਰ ਗਾਰਡਨਾਂ ਨੇ ਲੱਗਣ ਤੋਂ ਲੈ ਕੇ 250 ਮੈਗਾਵਾਟ ਤੋਂ ਜ਼ਿਆਦਾ ਨਵਿਆਉਣਯੋਗ ਐਨਰਜੀ ਪੈਦਾ ਕੀਤੀ ਹੈ ਜਿਸ ਨਾਲ ਸਿਟੀ ਦੇ ਜਲਵਾਯੂ ਸੰਬੰਧੀ ਐਕਸ਼ਨ ਦੇ ਟੀਚਿਆਂ ਦੀ ਮਦਦ ਹੋਈ ਹੈ।
- ਈ ਐੱਸ ਐੱਨ ਡਬਲਯੂ ਦੇ ਮੌਜੂਦਾ ਹੋਮ ਪ੍ਰੋਗਰਾਮ ਲਈ ਪਹਿਲਾਂ ਹੀ 750 ਤੋਂ ਜ਼ਿਆਦਾ ਘਰ ਮਾਲਕ ਰਜਿਸਟਰ ਹੋ ਚੁੱਕੇ ਹਨ, ਅਤੇ ਸਾਡੇ 2020 ਦੇ ਸਰਵੇ ਵਿਚ ਹਿੱਸਾ ਲੈਣ ਵਾਲੇ 100% ਵਿਅਕਤੀ ਹੋਰਨਾਂ ਨੂੰ ਐਨਰਜੀ ਦੀ ਪੜਤਾਲ ਕਰਵਾਉਣ ਦੀ ਸਿਫਾਰਸ਼ ਕਰਨਗੇ। ਅੱਜ ਹੀ ਰਜਿਸਟਰ ਹੋਵੋ!

ਈ ਐੱਸ ਐੱਨ ਡਬਲਯੂ ਤੋਂ ਤਾਜ਼ਾ ਜਾਣਕਾਰੀ ਲੈਣਾ ਚਾਹੁੰਦੇ ਹੋ?
ਅੱਜ ਹੀ ਸਾਡੇ ਈ-ਨਿਊਜ਼ਲੈਟਰ ਲਈ ਸਾਈਨ-ਅੱਪ ਕਰੋ!

ਅੱਜ ਹੀ ਰਜਿਸਟਰ ਹੋਵੋ! **ENERGYSAVENEWWEST.CA** 'ਤੇ ਜਾਉ ਜਾਂ **604.515.3818** ਨੂੰ ਫੋਨ ਕਰੋ।




## ਸਰਵਿਸ ਏਰੀਆ



### ਪੁਰਾਣੇ ਘਰ

ਸਾਡਾ ਮੌਜੂਦਾ ਹੋਮ ਪ੍ਰੋਗਰਾਮ, ਐਨਰਜੀ ਅਤੇ ਪੈਸਿਆਂ ਦੀ ਬੱਚਤ ਕਰਨ ਦੇ ਨਾਲ ਨਾਲ, ਘਰ ਵਿਚ ਰਹਿਣ ਵਾਲਿਆਂ ਦੇ ਸੁੱਖ ਵਿਚ ਸੁਧਾਰ ਕਰਨ – ਅਤੇ ਤੁਹਾਡੇ ਘਰ ਦੀ ਐਨਰਜੀ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਕੇ ਨਿਊ ਵੈੱਸਟਮਿਨਸਟਰ ਵਿਚ ਜੀ ਐੱਚ ਜੀ ਗੈਸਾਂ ਘਟਾਉਣ ਲਈ ਤਿਆਰ ਕੀਤਾ ਗਿਆ ਹੈ। ਅਸੀਂ ਘਰ ਮਾਲਕਾਂ ਲਈ ਘਰਾਂ ਦੀ ਐਨਰਗਾਈਡ ਐਨਰਜੀ ਪੜਤਾਲ ਪੂਰੀ ਕਰਨ ਅਤੇ ਘਰ ਵਿਚ ਐਨਰਜੀ ਦੇ ਸੰਬੰਧ ਵਿਚ ਅਪਗਰੇਡ ਕਰਨ ਲਈ ਸਰਕਾਰੀ ਅਤੇ ਯੂਟਿਲਟੀ ਰੀਬੇਟਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਸਬਸਿਡੀ ਵੀ ਦਿੰਦੇ ਹਾਂ।



### ਨਵੇਂ ਘਰ

ਸਾਡਾ ਨਵਾਂ ਹਾਈ-ਪ੍ਰਫੌਰਮੈਂਸ ਹੋਮ ਪ੍ਰੋਗਰਾਮ, ਬਿਲਡਰਾਂ, ਆਰਚੀਟੈਕਟਾਂ ਅਤੇ ਘਰ ਮਾਲਕਾਂ ਨੂੰ ਨਿਊ ਵੈੱਸਟਮਿਨਸਟਰ ਵਿਚ ਐਨਰਜੀ ਬਚਾਉਣ ਵਾਲੇ ਘਰ ਬਣਾਉਣ ਲਈ ਉਤਸ਼ਾਹ ਦੇਣ ਲਈ ਤਿਆਰ ਕੀਤਾ ਗਿਆ ਹੈ। ਘਰ ਕਿਉਂਕਿ ਉਹ ਸਭ ਤੋਂ ਵੱਡੀ ਖਰੀਦ ਹੈ ਜਿਹੜੀ ਸਾਡੇ ਵਿੱਚੋਂ ਬਹੁਤ ਸਾਰੇ ਕਰਨਗੇ, ਐਨਰਜੀ ਦੀ ਕਾਰਗੁਜ਼ਾਰੀ ਵੱਧ ਤੋਂ ਵੱਧ ਕਰਨ, ਸੁੱਖ-ਆਰਾਮ ਵਿਚ ਵਾਧਾ ਕਰਨ ਅਤੇ ਕਨਸਟਰੱਕਸ਼ਨ ਦੇ ਤੁਹਾਡੇ ਨਵੇਂ ਪ੍ਰੋਜੈਕਟ ਦੀ ਸਮੁੱਚੀ ਕੁਆਲਟੀ ਸੁਧਾਰਨ ਵਿਚ ਮਦਦ ਕਰਨ ਲਈ ਅਸੀਂ ਮੌਜੂਦ ਹਾਂ।



### ਕਈ ਯੂਨਿਟਾਂ ਵਾਲੀਆਂ ਰਿਹਾਇਸ਼ੀ ਬਿਲਡਿੰਗਾਂ

ਐਨਰਜੀ ਦੀ ਕਾਰਗੁਜ਼ਾਰੀ ਸੁਧਾਰਨ ਅਤੇ ਗਰੀਨਹਾਊਸ ਗੈਸਾਂ ਦੇ ਧੂੰਏ ਨੂੰ ਘਟਾਉਣ ਲਈ, ਐਨਰਜੀ ਸੇਵ ਨਿਊ ਵੈੱਸਟ, ਕਿਰਾਏ ਵਾਲੀਆਂ ਲੋਕਲ ਅਪਾਰਟਮੈਂਟ ਬਿਲਡਿੰਗਾਂ ਅਤੇ ਸਟਰੈਟਾ ਐੱਮ ਯੂ ਆਰ ਬੀਜ਼ ਦੀ ਸੇਵਾਵਾਂ ਅਤੇ ਉਤਸ਼ਾਹਾਂ ਨਾਲ ਮਦਦ ਕਰਨ ਲਈ ਯੂਟਿਲਟੀਜ਼ ਅਤੇ ਸਰਕਾਰ ਨਾਲ ਸਹਿਯੋਗ ਕਰ ਰਹੀ ਹੈ।



### ਬਿਜ਼ਨਸ

ਈ ਐੱਸ ਐੱਨ ਡਬਲਯੂ, ਬੀ ਸੀ ਹਾਈਡਰੋ ਅਤੇ ਫੋਰਟਿਸ ਬੀ ਸੀ ਦੇ ਛੋਟੇ ਬਿਜ਼ਨਸ ਪ੍ਰੋਗਰਾਮਾਂ ਤੱਕ ਲੋਕਲ ਬਿਜ਼ਨਸਾਂ ਦੀ ਪਹੁੰਚ ਕਰਨ ਵਿਚ ਮਦਦ ਕਰਦੀ ਹੈ ਜਿਹੜੇ ਉਨ੍ਹਾਂ ਵਪਾਰਕ, ਉਦਯੋਗਿਕ ਅਤੇ ਪਬਲਿਕ ਸੈਕਟਰ ਦੇ ਗਾਹਕਾਂ ਨੂੰ ਵਿੱਤੀ ਫਾਇਦੇ ਅਤੇ ਤਕਨੀਕੀ ਮਦਦ ਪ੍ਰਦਾਨ ਕਰਦੇ ਹਨ ਜਿਹੜੇ ਨਵੀਂਆਂ ਬਿਲਡਿੰਗਾਂ ਬਣਾ ਰਹੇ ਹਨ ਜਾਂ ਵੱਡੀਆਂ ਰੈਨੋਵੇਸ਼ਨਾਂ ਕਰ ਰਹੇ ਹਨ।



### ਅਰਬਨ ਸੋਲਰ ਗਾਰਡਨ

“ਨਿਊ ਵੈੱਸਟ ਵਿਚ ਨਿਊ ਵੈੱਸਟ ਲਈ ਬਣਿਆ”

ਸਿਟੀ ਦੀ ਅਗਵਾਈ ਵਾਲਾ ਇਹ ਨਵਿਆਉਣਯੋਗ ਐਨਰਜੀ ਦਾ ਪ੍ਰੋਜੈਕਟ, ਦਿਲਚਸਪੀ ਰੱਖਦੇ ਲੋਕਲ ਵਸਨੀਕਾਂ, ਬਿਜ਼ਨਸਾਂ ਅਤੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਸੋਲਰ ਪੈਨਲਾਂ ਨਾਲ ਪੈਦਾ ਕੀਤੀ ਗਈ ਕੁੱਲ ਬਿਜਲੀ ਦਾ ਇਕ ਹਿੱਸਾ ਮਰਜ਼ੀ ਨਾਲ ਸਬਸਕਰਾਈਬ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਪੈਦਾ ਕੀਤੀ ਗਈ ਸੂਰਜੀ ਊਰਜਾ ਸਾਲ ਵਿਚ ਦੋ ਵਾਰੀ ਉਨ੍ਹਾਂ ਵਲੋਂ ਰੀਜ਼ਰਵ ਕੀਤੇ ਗਏ ਪੈਨਲਾਂ ਦੀ ਗਿਣਤੀ ਦੀ ਅਨੁਪਾਤ ਵਿਚ 25 ਸਾਲਾਂ ਤੱਕ ਹਰ ਸਬਸਕਰਾਈਬਰ ਦੇ ਬਿਜਲੀ ਦੇ ਬਿੱਲ ਵਿਚ ਵਾਪਸ ਕਰੈਡਿਟ ਕੀਤੀ ਜਾਂਦੀ ਹੈ।

### ਅੱਜ ਹੀ ਸ਼ੁਰੂ ਕਰੋ !

ਸਾਡੇ ਪ੍ਰੋਗਰਾਮ ਦੀਆਂ ਪੇਸ਼ਕਸ਼ਾਂ ਅਤੇ ਉਤਸ਼ਾਹਾਂ ਬਾਰੇ ਜ਼ਿਆਦਾ ਜਾਣਨ ਲਈ ਰਜਿਸਟਰ ਹੋਵੋ। ਤਾਜ਼ਾ ਜਾਣਕਾਰੀ ਲੈਂਦੇ ਰਹਿਣ ਲਈ ਸਾਡੇ ਈ-ਨਿਊਜ਼ਲੈਟਰ ਲਈ ਸਾਈਨ-ਅੱਪ ਕਰੋ !

ENERGYSAVENEWWEST.CA

604.515.3818

NEW WESTMINSTER